**Office of Sub Divisional Magistrate, Jalandhar-1-cum-Electoral Registration Officer, 035 Jalandhar Central Assembly Constituency**
District Administration Complex, Jalandhar
☎ 0181-2225007 email ID <sdmjalandhar1@gmail.com>

ਵੱਲ

1. ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ, ਜਲੰਧਰ ।
2. ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ, ਜਲੰਧਰ ।
3. ਸਮੂਹ ਵਿਭਾਗਾਂ ਦੇ ਮੁੱਖੀ ।

2023 28522 10/2/2023 ਜੀਟ 13/2/23

ਮੀਮੋ ਨੰ: ਪੱਤਰ ਨੰ: /ਚੋਣ/1962-64 ਮਿਤੀ 10.02.2023

ਵਿਸ਼ਾ : ਮਿਤੀ 12-02-2023 ਨੂੰ ਸਪੈਸ਼ਲ ਕੈਂਪ ਲਗਾਉਣ ਸਬੰਧੀ।

ਹਵਾਲਾ : ਦਫ਼ਤਰ ਜ਼ਿਲ੍ਹਾ ਚੋਣ ਅਫਸਰ ਜਲੰਧਰ ਜੀ ਦਾ ਪੱਤਰ ਨੰਬਰ ਚੋਣ/2022/310-312ਮਿਤੀ 10-02-2023 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਾਣਯੋਗ ਭਾਰਤ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਵਿੱਚ ਵੋਟਰਾਂ ਦੀ ਪ੍ਰਮਾਣਿਕਤਾ ਜਾਂ ਕਿਸੇ ਵੀ ਵਿਅਕਤੀ ਦੀ ਦੋ ਥਾਵਾਂ ਦੇ ਵੋਟ ਨਾ ਬਣਨ ਨੂੰ ਯਕੀਨੀ ਬਣਾਉਣ ਦੇ ਮੰਤਵ ਲਈ ਮਿਤੀ 01 ਅਗਸਤ 2022 ਤੋ ਵੋਟਰ ਕਾਰਡਾਂ ਨੂੰ ਅਧਾਰ ਕਾਰਡ ਨਾਲ ਲਿੰਕ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ । ਜੇਕਰ ਕਿਸੇ ਵੋਟਰ ਪਾਸ ਆਧਾਰ ਕਾਰਡ ਨਹੀਂ ਹੈ ਤਾਂ ਆਪਣਾ ਫਾਰਮ-6 ਬੀ ਵਿੱਚ ਅੰਕਿਤ 11 ਦਸਤਾਵੇਜਾਂ ਵਿੱਚੋ ਸਵੈ-ਤਸਦੀਕੀ ਦਸਤਾਵੇਜ਼ ਆਪਣੀ ਵੋਟ ਦੀ ਪ੍ਰਮਾਣਿਕਤਾ ਲਈ ਜਮ੍ਹਾਂ ਕਰਵਾ ਸਕਦਾ ਹੈ।

ਇਸ ਮੰਤਵ ਲਈ ਵਿਧਾਨ ਸਭਾ ਚੋਣ ਹਲਕਾ 035-ਜਲੰਧਰ ਕੇਂਦਰੀ ਦੇ ਸਮੂਹ ਬੀ.ਐਲ.ਓਜ਼ ਵੱਲੋ ਮਿਤੀ 12.02.2023 (ਦਿਨ ਐਤਵਾਰ) ਨੂੰ ਸਵੇਰੇ 9:00 ਤੋਂ 5:00 ਵਜੇ ਤੱਕ ਆਪਣੇ-ਆਪਣੇ ਬੂਥਾਂ ਤੇ ਵਿਸ਼ੇਸ਼ ਕੈਂਪ ਆਯੋਜਿਤ ਕੀਤਾ ਜਾਵੇਗਾ, ਇਸ ਕੈਂਪ ਦੌਰਾਨ ਬੀ.ਐਲ.ਓ. ਦੁਆਰਾ ਵੋਟਰਾਂ ਪਾਸੋ ਫਾਰਮ -6ਬੀ ਪ੍ਰਾਪਤ ਕੀਤੇ ਜਾਣੇ ਹਨ ਅਤੇ ਪ੍ਰਾਪਤ ਫ਼ਾਰਮਾਂ ਦੀ Digitization ਕੀਤੀ ਜਾਣੀ ਹੈ। ਇਸ ਪੱਤਰ ਰਾਹੀਂ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਕੰਮ ਕਰਦੇ ਕਰਮਚਾਰੀ ਜੋ ਕਿ ਬੀ.ਐਲ.ਓਜ਼/ਸੁਪਰਵਾਈਜ਼ਰ ਦੀ ਡਿਊਟੀ ਨਿਭਾ ਰਹੇ ਹਨ ਉਹਨਾਂ ਨੂੰ ਮਿਤੀ 12.02.2023 ਨੂੰ ਸਵੇਰੇ 9:00 ਤੋ 5:00 ਵਜੇ ਤੱਕ ਆਪਣੇ-ਆਪਣੇ ਬੂਥਾਂ ਤੇ ਹਾਜ਼ਰ ਰਹਿਣ ਲਈ ਪਾਬੰਦ ਕੀਤਾ ਜਾਵੇ । ਇਸ ਤੋ ਇਲਾਵਾ ਆਪ ਦੇ ਸਕੂਲ/ਵਿਭਾਗ ਨਾਲ ਸਬੰਧਤ ਬਿਲਡਿੰਗ ਜਿਸ ਵਿੱਚ ਪੋਲਿੰਗ ਬੂਥ ਸਥਾਪਿਤ ਕੀਤਾ ਗਿਆ ਹੈ। ਉਸ ਸਕੂਲ ਬਿਲਡਿੰਗ ਨੂੰ ਮਿਤੀ 12.02.2023 ਨੂੰ ਖੁੱਲ੍ਹਾ ਰੱਖਿਆ ਜਾਵੇ, ਸਾਫ਼ ਸਫ਼ਾਈ ਦੇ ਪ੍ਰਬੰਧ ਕਰਵਾ ਦਿੱਤੇ ਜਾਣ ਅਤੇ ਕਿਸੇ ਦਰਜਾ ਚਾਰ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਤਾ ਜੋ ਬੀ.ਐਲ.ਓਜ਼ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
ਵਿ.ਸ.ਚੋ.ਹਲਕਾ 035 ਜਲੰਧਰ ਕੇਂਦਰੀ
ਕਮ- ਉਪ ਮੰਡਲ ਮੈਜਿਸਟਰੇਟ, ਜਲੰਧਰ-1

ਪਿੱਠ ਅੰਕਣ ਨੰਬਰ: 1965-66/ਈ.ਸੀ.2023 ਮਿਤੀ: 10.02.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ :-

1. ਜ਼ਿਲ੍ਹਾ ਚੋਣ ਅਫਸਰ ਜਲੰਧਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।
2. ਸਮੂਹ ਸੁਪਰਵਾਈਜ਼ਰ/ਬੀ.ਐਲ.ਓਜ਼ ਨੂੰ ਵਿਧਾਨ ਵਿਧਾਨ ਸਭਾ ਚੋਣ ਹਲਕਾ 035 ਜਲੰਧਰ ਕੇਂਦਰੀ ਨੂੰ ਸੂਚਨਾਂ ਹਿੱਤ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾ ਅਨੁਸਾਰ ਵੋਟਰਾਂ ਦੇ ਅਧਾਰ ਕਾਰਡ ਨਾਲ ਲਿੰਕ ਕਰਨ ਦੇ ਕੰਮ ਜਲਦ ਤੋ ਜਲਦ ਮੁਕੰਮਲ ਕੀਤਾ ਜਾਵੇ । ਕਮਿਸ਼ਨ ਵੱਲੋ ਇਹ ਵੀ ਸਪੱਸਟ ਕੀਤਾ ਗਿਆ ਹੈ ਕਿ ਅਧਾਰ ਕਾਰਡ ਦੀ ਜਾਣਕਾਰੀ ਸਾਂਝੀ ਕਰਨਾਂ ਵੋਟਰ ਦੀ ਸਵੈ ਇੱਛਾ ਤੇ ਨਿਰਭਰ ਹੈ । ਜੇਕਰ ਕਿਸੇ ਵੋਟਰ ਪਾਸੋ ਆਧਾਰ ਕਾਰਡ ਨਹੀਂ ਹੈ ਤਾਂ ਉਸ ਨੂੰ ਫਾਰਮ 6-ਬੀ ਵਿੱਚ ਅੰਕਿਤ 11 ਦਸਤਾਵੇਜ਼ਾਂ ਵਿੱਚੋ । ਸਵੈ ਤਸਦੀਕੀ ਦਸਤਾਵੇਜ਼ ਜਮ੍ਹਾ ਕਰਵਾਉਣਾ ਲਾਜ਼ਮੀ ਹੈ । ਇਸ ਮਹੱਤਵਪੂਰਨ ਅਤੇ ਸਮਾਂਬੱਧ/ਮਿਤੀਬੱਧ ਕੰਮ ਲਈ ਪਾਬੰਦ ਕੀਤਾ ਜਾਵੇ । ਮਿਤੀ 12.02.2023 ਨੂੰ ਪੋਲਿੰਗ ਬੂਥਾਂ ਤੇ ਹਾਜ਼ਰ ਰਹਿ ਕੇ ਆਮ ਜਨਤਾ ਦੀ ਸਹੂਲਤ ਲਈ ਕੈਂਪ ਲਗਾਇਆ ਜਾਵੇ ਅਤੇ ਇਹਨਾਂ ਕੈਂਪਾਂ ਦੌਰਾਨ ਵੋਟਰਾਂ ਪਾਸੋ ਫਾਰਮ 6-ਬੀ ਦਸਤੀ ਪ੍ਰਾਪਤ ਕੀਤੇ ਜਾਣ। ਸੁਪਰਵਾਈਜ਼ਰ ਦੀ ਚੈਕਿੰਗ ਰਿਪੋਰਟ, ਕੈਂਪ ਦੀ ਪ੍ਰਗਤੀ ਰਿਪੋਰਟ ਅਤੇ ਫੋਟਆਂ ਵੱਟਸਅਪ ਗਰੁੱਪ/ਈਮੇਲ ਵਿੱਚ ਭੇਜੀਆਂ ਜਾਣ ।

ਦਫ਼ਤਰ ਜਿਲਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਜੀ-5 2023 40909
ਮਿਤੀ ਜਲੰਧਰ 10/2/23

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀ ਜਿਲਾ ਜਲੰਧਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਜਾਰੀ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣੀ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ,
ਵਿ.ਸ.ਚੋ.ਹਲਕਾ 035 ਜਲੰਧਰ ਕੇਂਦਰੀ
ਕਮ- ਉਪ ਮੰਡਲ ਮੈਜਿਸਟਰੇਟ, ਜਲੰਧਰ-1

ਜ਼ਿਲਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ
10/2/23